ਇਸ਼ਤਿਹਾਰ ਨੰ: 1/2019

# ਪੰਜਾਬ ਵਿਧਾਨ ਸਭਾ ਸਕੱਤਰੇਤ

ਹੇਠ ਲਿਖੀਆਂ ਆਰਜੀ (Temporary) ਆਸਾਮੀਆਂ ਲਈ ਨਿਰਧਾਰਤ ਪ੍ਰੋਫਾਰਮੇ ਤੇ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ, ਜੋ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ-160001 ਪਾਸ ਮਿਤੀ 22.03.2019 (ਸ਼ਾਮ 5.00 ਵਜੇ) ਤੱਕ ਪਹੁੰਚ ਜਾਣੀਆਂ ਚਾਹੀਦੀਆਂ ਹਨ। ਅਰਜ਼ੀ ਨਾਲ ਵਿੱਦਿਅਕ ਯੋਗਤਾ ਦਾ ਕੋਈ ਵੀ ਸਰਟੀਫਿਕੇਟ ਨੱਥੀ ਨਾ ਕੀਤਾ ਜਾਵੇ, ਜੋ ਬਾਅਦ ਵਿਚ ਮੰਗੇ ਜਾਣਗੇ। ਸਰਕਾਰੀ ਕਰਮਚਾਰੀ ਆਪਣੀਆਂ ਅਰਜ਼ੀਆਂ ਯੋਗ ਪ੍ਰਣਾਲੀ ਰਾਹੀਂ ਸਮੇਤ ਨਿਰਧਾਰਤ ਫੀਸ ਭੇਜਣ। ਅਗੇਤੀ ਕਾਪੀ ਅੰਤਿਮ ਮਿਤੀ ਤੋਂ ਪਹਿਲਾਂ ਭੇਜੀ ਜਾਵੇ ਅਤੇ ਅਰਜ਼ੀ ਤੇ "ਅਗੇਤੀ ਕਾਪੀ" ਲਿਖਿਆ ਜਾਵੇ। ਆਖਰੀ ਤਰੀਕ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

| ਕ੍ਰਮ ਨੰ: | ਆਸਾਮੀ ਦਾ ਨਾਂ ਅਤੇ ਗਿਣਤੀ | ਤਨਖਾਹ ਸਕੇਲ | ਵਿਦਿਅਕ ਯੋਗਤਾ |
|---|---|---|---|
| 1 | ਸਿਸਟਮ ਐਨਾਲਿਸਟ (1) | 15600-39100 + 5400/-GP | The candidate should be Post Graduate in Computer Application/Information Technology/ Computer Science/ Computer Engineering/ Computer Technology in first class from a recognized University with an experience of five years in teaching/ industry/ research institute/ Software Development/Government Organization.<br>Punjabi upto matric standard is essential. |
| 2 | ਅਸਿਸਟੈਂਟ ਪ੍ਰੋਗਰਾਮਰ (2) | 10300-34800 + 4400/-GP | The candidate should be Post Graduate in Computer Application/Information Technology/ Computer Science/ Computer Engineering/ Computer Technology or First Class Graduate in Computer Application/Information Technology/ Computer Science/ Computer Engineering/ Computer Technology from a recognized University with an experience of three years in teaching/ industry/ research institute/ Software Development/Government Organization.<br>Punjabi upto matric standard is essential. |
| 3 | ਕਲਰਕ (4) | 10300-34800 + 3200/-GP | ਉਮੀਦਵਾਰ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗਰੈਜੂਏਟ ਹੋਵੇ। ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਹੋਣਾ ਲਾਜ਼ਮੀ ਹੈ। ਪੰਜਾਬੀ ਅਤੇ ਅੰਗਰੇਜ਼ੀ ਟਾਈਪ ਦਾ 30 ਸ਼ਬਦ ਪ੍ਰਤੀ ਮਿੰਟ ਤੇ ਟੈਸਟ ਲਿਆ ਜਾਵੇਗਾ। ਉਮੀਦਵਾਰ ਕੋਲ ਘੱਟੋ ਘੱਟ 120 ਘੰਟੇ/6 ਮਹੀਨੇ ਦਾ ਕੰਪਿਊਟਰ ਐਪਲੀਕੇਸ਼ਨ ਦਾ ਸਰਟੀਫਿਕੇਟ ਹੋਵੇ ਜੋ ਕਿਸੇ ਸਰਕਾਰੀ ਮਾਨਤਾ ਪ੍ਰਾਪਤ ਸੰਸਥਾ ਜਾਂ ਮੰਨੀ ਪ੍ਰਮੰਨੀ ISO-9001 ਸਰਟੀਫਾਈਡ ਸੰਸਥਾ ਦਾ ਹੋਵੇ। |
| 4 | ਕੰਪਿਊਟਰ ਆਪਰੇਟਰ (2) | 10300-34800 + 3200/-GP | The candidate should be Graduate in Computer Application/Information Technology/ Computer Science/ Computer Engineering/ Computer Technology from a recognized University.<br>Punjabi upto matric standard is essential.<br>The candidate have to qualify Punjabi and English Typewriting test at the speed of 30 words per minute. |
| 5 | ਡਾਟਾ ਐਂਟਰੀ ਆਪਰੇਟਰ (4) | 10300-34800 + 3200/-GP | The candidate should be Graduate in Computer Application/Information Technology/ Computer Science/ Computer Engineering/ Computer Technology from a recognized University.<br>Punjabi upto matric standard is essential.<br>The candidate have to qualify Punjabi and English Typewriting test at the speed of 30 words per minute. |
| 6 | ਜੂਨੀਅਰ ਅਨੁਵਾਦਕ (1) | 10300-34800 + 3600/- GP | ਉਮੀਦਵਾਰ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗਰੈਜੂਏਟ ਹੋਵੇ। ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਹੋਣਾ ਲਾਜ਼ਮੀ ਹੈ ਅਤੇ ਉਸ ਦੀ ਅੰਗ੍ਰੇਜ਼ੀ/ਪੰਜਾਬੀ/ਹਿੰਦੀ ਵਿੱਚ ਪ੍ਰਵੀਨਤਾ ਹੋਵੇ। ਉਮੀਦਵਾਰ ਟਰਾਂਸਲੇਸ਼ਨ ਦਾ ਨਿਰਧਾਰਤ ਟੈਸਟ ਅੰਗ੍ਰੇਜ਼ੀ ਤੋਂ ਪੰਜਾਬੀ ਅਤੇ ਹਿੰਦੀ; ਪੰਜਾਬੀ ਤੋ ਅੰਗ੍ਰੇਜ਼ੀ ਅਤੇ ਹਿੰਦੀ ਤੋਂ ਅੰਗ੍ਰੇਜ਼ੀ ਪਾਸ ਕਰੇਗਾ ਅਤੇ ਉਸ ਨੂੰ ਕੰਪਿਊਟਰ ਐਪਲੀਕੇਸ਼ਨ ਦਾ ਗਿਆਨ ਜ਼ਰੂਰੀ ਹੈ। |
| 7 | ਕਾਪੀ ਹੋਲਡਰ (1) | 10300-34800 + 3200/- GP | ਉਮੀਦਵਾਰ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗਰੈਜੂਏਟ ਹੋਵੇ। ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਹੋਣਾ ਲਾਜ਼ਮੀ ਹੈ। ਕੰਪਿਊਟਰ ਐਪਲੀਕੇਸ਼ਨ ਦਾ ਗਿਆਨ ਜਰੂਰੀ ਹੈ। |

27/24

| | | | |
|---|---|---|---|
| 8 | ਵਾਚ ਐਂਡ ਵਾਰਡ ਸਹਾਇਕ (4) | 5900-20200 + 1900/- GP | ਉਮੀਦਵਾਰ ਨੇ ਕਿਸੇ ਵੀ ਮਾਨਤਾ ਪ੍ਰਾਪਤ ਸੰਸਥਾਂ ਤੋਂ 10+2 ਦੀ ਪ੍ਰੀਖਿਆ ਪਾਸ ਕੀਤੀ ਹੋਵੇ। ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਹੋਣਾ ਲਾਜ਼ਮੀ ਹੈ । ਐਕਸ-ਸਰਵਿਸਮੈਨ ਨੂੰ ਪਹਿਲ ਦਿੱਤੀ ਜਾਵੇਗੀ। |
| 9 | ਸੇਵਾਦਾਰ (5) | 4900-10680 + 1650/- GP | ਅੱਠਵੀ ਪਾਸ |
| 10 | ਸਫਾਈ ਸੇਵਕ (4) | 4900-10680 + 1650/- GP | ਪੰਜਵੀਂ ਪਾਸ |

ਕ੍ਰਮ ਨੰ: 1 ਤੋਂ 8 ਤੱਕ ਲਈ ਅਰਜ਼ੀ ਫੀਸ -ਜਨਰਲ ਸ਼੍ਰੇਣੀ ਲਈ 200 ਰੁਪਏ ਅਤੇ ਪੰਜਾਬ ਰਾਜ ਦੇ ਵਸਨੀਕ ਐਸ.ਸੀ. ਅਤੇ ਬੀ.ਸੀ. ਆਦਿ ਨਾਲ ਸਬੰਧਤ ਪ੍ਰਾਰਥੀ ਲਈ 100 ਰੁਪਏ ਨਾ ਮੋੜਨਯੋਗ ਹੈ ਅਤੇ ਕ੍ਰਮ ਨੰ: 9 ਅਤੇ 10 ਲਈ ਅਰਜ਼ੀ ਫੀਸ -ਜਨਰਲ ਸ਼੍ਰੇਣੀ ਲਈ 100 ਰੁਪਏ ਅਤੇ ਪੰਜਾਬ ਰਾਜ ਦੇ ਵਸਨੀਕ ਐਸ.ਸੀ./ਐਸ.ਟੀ. ਅਤੇ ਬੀ.ਸੀ. ਨਾਲ ਸਬੰਧਤ ਪ੍ਰਾਰਥੀ ਲਈ 50 ਰੁਪਏ ਨਾ ਮੋੜਨਯੋਗ ਹੈ ਜੋ ਇੰਡੀਅਨ ਪੋਸਟਲ ਆਰਡਰ ਜਾਂ ਡਿਮਾਂਡ ਡਰਾਫਟ ਦੇ ਰੂਪ ਵਿਚ ਸਕੱਤਰ, ਪੰਜਾਬ ਵਿਧਾਨ ਸਭਾ ਚੰਡੀਗੜ੍ਹ ਦੇ ਨਾਂ ਤੇ ਹੋਵੇ। ਫੀਸ ਦੀ ਛੋਟ ਅਤੇ ਹੋਰ ਲਾਭ ਕੇਵਲ ਪੰਜਾਬ ਰਾਜ ਦੇ ਵਸਨੀਕ ਐਸ.ਸੀ./ਬੀ.ਸੀ. ਪ੍ਰਾਰਥੀਆਂ ਨੂੰ ਹੈ। ਸਬੂਤ ਵਜੋਂ ਪੰਜਾਬ ਸਰਕਾਰ ਦੁਆਰਾ ਜਾਰੀ ਜਾਤੀ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ। ਬਿਨਾਂ ਫੀਸ/ਘੱਟ ਫੀਸ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਮਿਤੀ 01.01.2019 ਨੂੰ ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਪੰਜਾਬ ਦੇ SC/BC ਉਮੀਦਵਾਰਾਂ ਲਈ ਉਮਰ ਦੀ ਉਪਰਲੀ ਹੱਦ ਵਿੱਚ 5 ਸਾਲ ਦੀ ਛੋਟ ਹੈ। ਚੁਣੇ ਗਏ ਉਮੀਦਵਾਰ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 7/204/2012-4 ਐਫ.ਪੀ.-1/66 ਮਿਤੀ 15.01.2015 ਅਤੇ ਸਮੇਂ-ਸਮੇਂ ਜਾਰੀ ਹਦਾਇਤਾਂ ਵਿੱਚ ਕੀਤੇ ਉਪਬੰਧਾਂ ਤਹਿਤ ਤਨਖਾਹ ਦਿੱਤੀ ਜਾਵੇਗੀ। ਭਰਤੀ ਲਈ ਪ੍ਰਾਰਥੀਆਂ ਦੀ ਗਿਣਤੀ ਦੇ ਮੱਦੇਨਜਰ ਸਮਰੱਥ ਅਧਿਕਾਰੀ ਦੁਆਰਾ ਕੋਈ ਵੀ ਸਿਲੈਕਸ਼ਨ ਕ੍ਰਾਈਟੇਰੀਆ ਅਪਣਾਇਆ ਜਾ ਸਕਦਾ ਹੈ, ਜਿਸ ਵਿਚ ਟਾਈਪ ਟੈਸਟ/ਲਿਖਤੀ ਟੈਸਟ/ਇੰਟਰਵਿਊ ਆਦਿ ਵੀ ਸ਼ਾਮਲ ਕੀਤੀ ਜਾ ਸਕਦੀ ਹੈ।

## ਜ਼ਰੂਰੀ ਹਦਾਇਤਾਂ

1. ਆਸਾਮੀ ਦਾ ਨਾਂ ਲਿਫਾਫੇ ਉਪਰ ਲਿਖਿਆ ਜਾਵੇ। ਹਰੇਕ ਆਸਾਮੀ ਲਈ ਵੱਖਰੀ ਅਰਜ਼ੀ ਤੇ ਵੱਖਰੀ ਫੀਸ ਭੇਜੀ ਜਾਵੇ।
2. ਡਾਕ ਦੀ ਦੇਰੀ ਲਈ ਦਫਤਰ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ।ਅਧੂਰੀ/ਬਿਨਾ ਹਸਤਾਖਰ/ਬਿਨਾ ਫੀਸ ਅਤੇ ਅਯੋਗ ਉਮੀਦਵਾਰ ਦੀ ਅਰਜ਼ੀ ਬਿਨਾਂ ਕਿਸੇ ਨੋਟਿਸ ਦੇ ਰੱਦ ਸਮਝੀ ਜਾਵੇਗੀ।
3. ਆਸਾਮੀਆਂ ਦੀ ਗਿਣਤੀ ਘੱਟ/ਵੱਧ ਸਕਦੀ ਹੈ।
4. ਆਈ.ਪੀ.ਓ./ਡਰਾਫਟ ਦੇ ਪਿੱਛੇ ਉਮੀਦਵਾਰ ਆਪਣਾ ਨਾਮ, ਪਿਤਾ ਦਾ ਨਾਮ ਅਤੇ ਮੋਬਾਈਲ ਨੰਬਰ ਜ਼ਰੂਰ ਲਿਖਣ।
5. ਇਸ ਇਸ਼ਤਿਹਾਰ ਸਬੰਧੀ ਕਿਸੇ ਕਿਸਮ ਦੀ ਸੋਧ, ਨਿਯੁਕਤੀ ਸਬੰਧੀ ਅਗਲੀ ਕਾਰਵਾਈ, ਰੋਲ ਨੰਬਰ ਜਾਰੀ ਕਰਨਾ, ਟਾਈਪ ਟੈਸਟ/ਲਿਖਤੀ ਟੈਸਟ/ਇੰਟਰਵਿਊ ਦੀ ਸੂਚਨਾ ਵਿਧਾਨ ਸਭਾ ਦੀ ਵੈਬਸਾਈਟ www.punjabassembly.nic.in ਤੇ ਦੇਖੀ ਜਾ ਸਕੇਗੀ। ਉਮੀਦਵਾਰ ਰੈਗੂਲਰ ਚੈੱਕ ਕਰਦੇ ਰਹਿਣ।
6. ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਅਰਜ਼ੀ ਫਾਰਮ ਨਾਲ ਨਾ ਲਗਾਏ ਜਾਣ, ਜੋ ਬਾਅਦ ਵਿਚ ਚੈੱਕ ਕੀਤੇ ਜਾਣਗੇ।
7. ਉਮੀਦਵਾਰ ਆਪਣੇ ਸਹੀ ਅਤੇ ਮੁਕੰਮਲ ਵੇਰਵੇ ਅਰਜ਼ੀ ਫਾਰਮ ਵਿਚ ਦੇਵੇਗਾ, ਜਿਸ ਦੀ ਅਸਲੀਅਤ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਅਗਰ ਕੋਈ ਸੂਚਨਾ ਕਿਸੇ ਵੀ ਪੜ੍ਹਾਅ ਤੇ ਗਲਤ ਸਾਬਤ ਹੁੰਦੀ ਹੈ ਤਾਂ ਉਸਦੀ ਉਮੀਦਵਾਰੀ ਰੱਦ ਕੀਤੀ ਜਾ ਸਕਦੀ ਹੈ।
8. ਨਿਯਮਾਂ ਅਤੇ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਭਰਤੀ ਸਮੇਂ ਰਾਖਵਾਂਕਰਨ ਦੀ ਪਾਲਿਸੀ ਲਾਗੂ ਕੀਤੀ ਜਾਵੇਗੀ।

ਮਿਤੀ: 27.02.2019

27/2/19

ਉਪ ਸਕੱਤਰ

ਪੰਜਾਬ ਵਿਧਾਨ ਸਭਾ,

ਚੰਡੀਗੜ੍ਹ।

(ਵਿੱਦਿਅਕ ਯੋਗਤਾ ਦਾ ਕੋਈ ਵੀ ਸਰਟੀਫਿਕੇਟ ਨਾਲ ਨੱਥੀ ਨਾ ਕੀਤਾ ਜਾਵੇ)

ਪ੍ਰੋਫਾਰਮਾ

1. ਆਸਾਮੀ ਦਾ ਨਾਂ : ____________________

2. ਬਿਨੇਕਾਰ ਦਾ ਨਾਂ : ____________________
(ਸਕੂਲ ਸਰਟੀਫਿਕੇਟ ਅਨੁਸਾਰ)

ਸਵੈ-ਤਸਦੀਕਸ਼ੁਦਾ
ਤਾਜ਼ਾ ਫੋਟੋ

3. ਪਿਤਾ ਦਾ ਨਾਂ : ____________________
(ਸਕੂਲ ਸਰਟੀਫਿਕੇਟ ਅਨੁਸਾਰ)

4. ਜਨਮ ਮਿਤੀ (ਸਕੂਲ ਸਰਟੀਫਿਕੇਟ ਅਨੁਸਾਰ) i): ____________________
ii) ਉਮਰ : ਸਾਲ______ ਮਹੀਨੇ______ ਦਿਨ_____

5. ਲਿੰਗ : ____________________

6. ਕੌਮੀਅਤ : ____________________

7. ਪੱਤਰ ਵਿਹਾਰ ਦਾ ਪਤਾ : ____________________
____________________

8. ਪੱਕਾ ਪਤਾ: ____________________
____________________

9. ਮੋਬਾਈਲ ਨੰਬਰ ਅਤੇ ਲੈਂਡ ਲਾਈਨ ਨੰਬਰ ਜੇਕਰ ਕੋਈ ਹੈ: ____________________

10. ਵਿੱਦਿਅਕ ਯੋਗਤਾ (ਅਸਾਮੀ ਲਈ ਨਿਰਧਾਰਤ ਯੋਗਤਾ ਤੋਂ ਆਰੰਭ ਕਰਦਿਆਂ):

| ਵਿੱਦਿਅਕ ਯੋਗਤਾ | ਪਾਸ ਕਰਨ ਦਾ ਸਾਲ | ਪ੍ਰਾਪਤ ਕੀਤੇ ਅੰਕ | ਕੁੱਲ ਅੰਕ | ਪ੍ਰਤੀਸ਼ਤਤਾ | ਡਿਵੀਜ਼ਨ | ਬੋਰਡ/ਯੂਨੀਵਰਸਿਟੀ | ਵਿਸ਼ਾ |
|---|---|---|---|---|---|---|---|
| | | | | | | | |
| | | | | | | | |
| | | | | | | | |
| | | | | | | | |

11. ਤਜ਼ਰਬਾ, ਜੇਕਰ ਕੋਈ ਹੋਵੇ : ਦਫ਼ਤਰ ਦਾ ਨਾਂ__________ ਅਸਾਮੀ__________ ਮਿਤੀ_______ ਤੋਂ _______ ਤੱਕ
(ਲੋੜ ਅਨੁਸਾਰ ਵੱਖਰੀ ਸ਼ੀਟ ਲਗਾਈ ਜਾਵੇ)

12. ਪੰਜਾਬੀ ਕਿਸ ਪੱਧਰ ਤੱਕ ਪਾਸ ਕੀਤੀ ਹੈ (ਟਿਕ ਕੀਤਾ ਜਾਵੇ): ਦਸਵੀਂ ____/ ਅੱਠਵੀਂ ____/ ਪੰਜਵੀਂ____

13. ਕਿਸ ਸ਼੍ਰੇਣੀ ਨਾਲ ਸਬੰਧਤ (ਲਿਖਿਆ ਜਾਵੇ): ਪੰਜਾਬ ਐਸ.ਸੀ./ਐਸ.ਟੀ./ਬੀ.ਸੀ./ਜਾਂ ਜਨਰਲ__________

14. ਕੋਈ ਹੋਰ ਸੂਚਨਾ ਜੋ ਬਿਨੈਕਾਰ ਜ਼ਰੂਰੀ ਸਮਝੇ: ____________________

15. ਫੀਸ ਦਾ ਵੇਰਵਾ : ਆਈ.ਪੀ.ਓ./ਡੀ.ਡੀ.ਨੰ: _______ ਮਿਤੀ ______ ਰਕਮ __________ ਡਾਕਖਾਨਾ/ਬੈਂਕ __________

ਸਥਾਨ:

ਮਿਤੀ:

(ਬਿਨੈਕਾਰ ਦੇ ਹਸਤਾਖਰ)

## ਘੋਸ਼ਣਾ

ਮੈਂ __________ ਪੁੱਤਰ/ਪੁੱਤਰੀ ______________ ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੇਰੇ ਵਲੋਂ ਦਿੱਤੇ ਗਏ ਉਪਰੋਕਤ ਵਿਵਰਣ ਮੇਰੀ ਜਾਣਕਾਰੀ ਮੁਤਾਬਿਕ ਸਹੀ ਅਤੇ ਦਰੁਸਤ ਹਨ ਅਤੇ ਇਹਨਾਂ ਬਾਰੇ ਕੋਈ ਵੀ ਤੱਥ ਛੁਪਾਇਆ ਨਹੀਂ ਗਿਆ ਹੈ। ਮੈਂ ਸਾਰੀਆਂ ਹਦਾਇਤਾਂ ਪੜ੍ਹੀਆਂ ਹਨ। ਮੈਂ ਹੋਰ ਵੀ ਘੋਸ਼ਣਾ ਕਰਦਾ/ਕਰਦੀ ਹਾਂ ਕਿ ਉਪਰੋਕਤ ਦਿੱਤੇ ਗਏ ਕਿਸੇ ਵੀ ਵਿਵਰਣ/ਸੂਚਨਾ ਦੇ ਕਿਸੇ ਪੜਾਅ ਤੇ ਗਲਤ/ਝੂਠ ਪਾਏ ਜਾਣ ਦੀ ਸੂਰਤ ਵਿਚ, ਜੇਕਰ ਮੇਰੀ ਨਿਯੁਕਤੀ ਹੁੰਦੀ ਹੈ, ਤਾਂ ਰੱਦ/ਖਤਮ ਸਮਝੀ ਜਾਵੇ ਅਤੇ ਮੈਂ, ਭਾਰਤੀ ਦੰਡ ਵਿਧਾਨ (IPC) ਦੇ ਸਬੰਧਤ ਉਪਬੰਧਾਂ ਅਧੀਨ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ਹੋਵਾਂਗੀ।

ਸਥਾਨ:
ਮਿਤੀ:

(ਬਿਨੈਕਾਰ ਦੇ ਹਸਤਾਖਰ)

27/2/4